ਨਿਊਜ਼ ਰਿਲੀਜ਼

# ਅਲਬਰਟਾ ਵਿੱਚ ਅਰਲੀ ਚਾਇਲਡਹੁੱਡ ਐਜੂਕੇਟਰਾਂ ਦਾ ਸਮਰਥਨ ਕਰਨਾ

06 ਅਕਤੂਬਰ, 2022

## ਅਰਲੀ ਚਾਇਲਡਹੁੱਡ ਐਜੂਕੇਟਰਾਂ (ECEs) ਦੀ ਭਰਤੀ ਕਰਨ, ਉਨ੍ਹਾਂ ਨੂੰ ਬਰਕਰਾਰ ਰੱਖਣ ਅਤੇ ਪ੍ਰਮਾਣਿਤ ਕਰਨ ਦੇ ਨਵੇਂ ਉਪਾਅ ਪਰਿਵਾਰਾਂ ਲਈ ਗੁਣਵੱਤਾ ਅਤੇ ਕਿਫਾਇਤੀ ਬਾਲ ਦੇਖਭਾਲ ਤੱਕ ਪਹੁੰਚ ਵਿੱਚ ਸੁਧਾਰ ਕਰਕੇ ਅਲਬਰਟਾ ਦੀ ਆਰਥਿਕ ਰਿਕਵਰੀ ਵਿੱਚ ਸਹਾਇਤਾ ਕਰਨਗੇ।

ਅਲਬਰਟਾ ਦੀ ਸਰਕਾਰ ਨੇ ਭੁਗਤਾਨ ਦੇ ਘੰਟਿਆਂ ਦਾ ਵਿਸਤਾਰ ਕੀਤਾ ਹੈ ਜੋ ਕਿ ਫਰੰਟ-ਲਾਈਨ ਪ੍ਰਮਾਣਿਤ ECEs ਲਈ ਮੌਜੂਦਾ ਤਨਖਾਹ ਦੇ ਵਾਧੇ ਲਈ ਯੋਗ ਹਨ। 1 ਅਕਤੂਬਰ ਤੋਂ, ਸਾਰੇ ਭੁਗਤਾਨ ਕੀਤੇ ਘੰਟੇ ਹੁਣ ਮੌਜੂਦਾ ਤਨਖਾਹ ਦੇ ਵਾਧੇ ਲਈ ਯੋਗ ਹਨ, ਜਿਸ ਵਿੱਚ ਅਸਿੱਧੇ ਸਮੇਂ ਅਤੇ ਰੁਜ਼ਗਾਰਦਾਤਾ ਦੁਆਰਾ ਅਦਾਇਗੀਸ਼ੁਦਾ ਛੁੱਟੀਆਂ ਦਾ ਸਮਾਂ ਸ਼ਾਮਲ ਹੈ।

ਇਹ ਉਪਾਅ ਵਿੱਤੀ ਸਾਲ 2025-26 ਦੇ ਅੰਤ ਤੱਕ ਸੰਘੀ ਅਤੇ ਸੂਬਾਈ ਫੰਡਿੰਗ ਵਿੱਚ ਲਗਭਗ $90 ਮਿਲੀਅਨ ਦੇ ਨਿਵੇਸ਼ ਨੂੰ ਦਰਸਾਉਂਦੇ ਹਨ। ਸੂਬਾਈ ਫੰਡਿੰਗ ਸਕੂਲ ਤੋਂ ਬਾਹਰ ਦੇਖਭਾਲ ਪ੍ਰੋਗਰਾਮਾਂ ਵਿੱਚ ਕੰਮ ਕਰਨ ਵਾਲੇ ਪ੍ਰਮਾਣਿਤ ECEs ਲਈ ਇਸ ਵਧੇ ਹੋਏ ਤਨਖਾਹ ਦੇ ਵਾਧੇ ਦਾ ਸਮਰਥਨ ਕਰੇਗੀ।

ECE ਕਾਰਜਬਲ ਬਣਾਉਣ ਲਈ, ਅਲਬਰਟਾ ਅਤੇ ਕੈਨੇਡਾ ਦੀਆਂ ਸਰਕਾਰਾਂ ਅਲਬਰਟਾ ਵਾਸੀਆਂ ਲਈ ਚਾਇਲਡ ਕੇਅਰ ਵਿੱਚ ਆਪਣਾ ਕਰੀਅਰ ਸ਼ੁਰੂ ਕਰਨਾ ਆਸਾਨ ਬਣਾ ਰਹੀਆਂ ਹਨ। ਮੁਫ਼ਤ ਲੈਵਲ 1 ਚਾਇਲਡ-ਕੇਅਰ ਓਰੀਏਨਟੇਸ਼ਨ ਲਈ ਦਾਖਲਾ ਸਮਰੱਥਾ 4,000 ਤੋਂ 10,000 ਥਾਵਾਂ ਤੱਕ, ਦੁੱਗਣੀ ਤੋਂ ਵੱਧ ਕੀਤੀ ਜਾ ਰਹੀ ਹੈ, ਅਤੇ

ਵਰਗੀਕਰਨ: ਜਨਤਕ

ਕੋਰਸ ਹੁਣ ਕਿਸੇ ਵੀ ਅਲਬਰਟਾ ਨਿਵਾਸੀ ਲਈ ਉਪਲਬਧ ਹੈ, ਇਸ ਗੱਲ ਦੀ ਪਰਵਾਹ ਕੀਤੇ ਬਿਨਾਂ ਕਿ ਉਹ ਵਰਤਮਾਨ ਵਿੱਚ ਬਾਲ-ਸੰਭਾਲ ਪ੍ਰੋਗਰਾਮ ਵਿੱਚ ਕੰਮ ਕਰ ਰਹੇ ਹਨ ਜਾਂ ਨਹੀਂ।

ਅਲਬਰਟਾ ਕਾਰਜਬਲ ਲਈ ਹੋਰ ਸਹਾਇਤਾ ਲਈ ਵੀ ਅੱਗੇ ਵਧ ਰਿਹਾ ਹੈ, ਜਿਸ ਵਿੱਚ ਸ਼ਾਮਲ ਹਨ:

- ਪ੍ਰਮਾਣੀਕਰਣ ਲਈ ਇੱਕ ਨਵੀਂ ਯੋਗਤਾ-ਆਧਾਰਿਤ ਪਹੁੰਚ ਵਿਕਸਿਤ ਕਰਨਾ, ਜੋ ਕਿ ਇੱਕ ECE ਦੇ ਤਜਰਬੇ, ਗਿਆਨ ਅਤੇ ਹੁਨਰਾਂ ਦੇ ਨਾਲ-ਨਾਲ ਉਹਨਾਂ ਦੇ ਵਿਦਿਅਕ ਪਿਛੋਕੜ ਦਾ ਬਿਹਤਰ ਮੁਲਾਂਕਣ ਕਰੇਗੀ ਅਤੇ ਉਨ੍ਹਾਂ ਨੂੰ ਸ਼ਾਮਲ ਕਰੇਗੀ।
- ਇੱਕ ਮੁਫਤ ਔਨਲਾਈਨ ਪੋਰਟਲ ਦੇ ਵਿਕਾਸ ਦੁਆਰਾ ECEs ਲਈ ਕੈਰੀਅਰ ਮਾਰਗਾਂ ਦਾ ਸਮਰਥਨ ਕਰਨਾ ਜੋ ਵਿਦਿਅਕ ਜਾਣਕਾਰੀ ਅਤੇ ਹੋਰ ਸਰੋਤਾਂ ਤੱਕ ਪਹੁੰਚ ਦਾ ਇੱਕ ਇਕੱਲਾ ਸਥਾਨ ਹੋਵੇਗਾ।
- ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਅਤੇ ਸਟਾਫ਼ ਦੀਆਂ ਯੋਜਨਾਬੱਧ ਅਤੇ ਗੈਰ-ਯੋਜਨਾਬੱਧ ਗੈਰਹਾਜ਼ਰੀਆਂ ਦੌਰਾਨ ਚਾਈਲਡ-ਕੇਅਰ ਪ੍ਰੋਗਰਾਮਾਂ ਵਿੱਚ ਸਟਾਫ਼ ਮੁਹੱਈਆ ਕਰਨ ਵਿੱਚ ਮਦਦ ਕਰਨ ਲਈ ਇੱਕ ECE ਇਵਜੀ/ਕੈਜ਼ੂਅਲ (substitute/casual) ਪੂਲ ਬਣਾਉਣਾ।
- ਬੱਚਿਆਂ ਦੀ ਦੇਖਭਾਲ ਦੇ ਖੇਤਰ ਵਿੱਚ ਉਹਨਾਂ ਦੇ ਪ੍ਰਵੇਸ਼ ਨੂੰ ਉਤਸ਼ਾਹਿਤ ਕਰਨ ਲਈ ਵਿਵਿਧ ਭਾਈਚਾਰਿਆਂ ਦੇ ਨਾਲ ਪਾਇਲਟ ਪ੍ਰੋਗਰਾਮਾਂ ਦੀ ਸ਼ੁਰੂਆਤ ਕਰਨਾ।
- ਪੋਸਟ-ਸੈਕੰਡਰੀ ਪ੍ਰੋਗਰਾਮਾਂ ਤੱਕ ਪਹੁੰਚ ਨੂੰ ਬਿਹਤਰ ਬਣਾਉਣ ਲਈ ਐਡਵਾਂਸਡ ਐਜੂਕੇਸ਼ਨ ਦੇ ਨਾਲ ਕੰਮ ਕਰਨਾ ਜਾਰੀ ਰੱਖਣਾ, ਨਿਸ਼ਾਨਾ ਬਣਾਏ ਸਥਾਨਾਂ ਅਤੇ ਪ੍ਰੋਗਰਾਮਾਂ ਵਿੱਚ ਵਿਅਕਤੀਗਤ ਅਤੇ ਵਰਚੁਅਲ ECE ਥਾਵਾਂ ਬਣਾਉਣਾ।
- 2023 ਦੇ ਸ਼ੁਰੂ ਵਿੱਚ, ਸਕੂਲ ਤੋਂ ਬਾਹਰ ਦੀ ਦੇਖਭਾਲ ਅਤੇ ਫੈਮਲੀ ਡੇ ਹੋਮ ਵਾਤਾਵਰਣਾਂ ਲਈ ਨਵੇਂ ਮਾਡਿਊਲਾਂ ਨੂੰ ਸ਼ਾਮਲ ਕਰਨ ਲਈ ਲੈਵਲ 1 ECE ਓਰੀਐਂਟੇਸ਼ਨ ਕੋਰਸ ਸਮੱਗਰੀ ਦਾ ਆਧੁਨਿਕੀਕਰਨ ਕੀਤਾ ਜਾਵੇਗਾ।

ਅਲਬਰਟਾ ਅਤੇ ਕੈਨੇਡਾ ਦੀਆਂ ਸਰਕਾਰਾਂ ਮੌਜੂਦਾ ਸਮੇਂ ਵਿੱਚ ਵਿਕਸਤ ਕੀਤੀਆਂ ਜਾ ਰਹੀਆਂ ਲੰਬੀ-ਮਿਆਦ ਦੀਆਂ ਨਿਵੇਸ਼ ਰਣਨੀਤੀਆਂ ਰਾਹੀਂ ECE ਕਾਰਜਬਲ ਦਾ ਸਮਰਥਨ ਕਰਨਾ ਜਾਰੀ ਰੱਖਣਗੀਆਂ, ਉਹਨਾਂ ਨੂੰ ਲਾਗੂ ਕਰਨ ਲਈ ਹਿੱਸੇਦਾਰਾਂ ਨਾਲ ਕੰਮ ਕਰਨ ਦੀ ਵਚਨਬੱਧਤਾ ਨਾਲ।

## ਮੁੱਖ ਤੱਥ

- ਅਲਬਰਟਾ ਦੀ ਸਰਕਾਰ ਨੇ ਕੈਨੇਡਾ-ਅਲਬਰਟਾ ਕੈਨੇਡਾ-ਵਿਆਪੀ ਅਰਲੀ ਲਰਨਿੰਗ ਐਂਡ ਚਾਇਲਡ ਕੇਅਰ ਐਗਰੀਮੈਂਟ - 2021-22 ਤੋਂ 2025-26 ਰਾਹੀਂ ਫੈਡਰਲ ਫੰਡਿੰਗ ਵਿੱਚ ਗੁਣਵੱਤਾ ਦੀਆਂ ਪਹਿਲਕਦਮੀਆਂ

ਅਤੇ ਜ਼ੀਰੋ ਤੋਂ ਕਿੰਡਰਗਾਰਟਨ ਦੀ ਉਮਰ ਦੇ ਬੱਚਿਆਂ ਵਾਲੇ ਪਰਿਵਾਰਾਂ ਦੀ ਸੇਵਾ ਕਰ ਰਹੇ ਲਾਇਸੰਸਸ਼ੁਦਾ ਚਾਇਲਡ-ਕੇਅਰ ਕਾਰਜਬਲ ਨੂੰ ਸਮਰਥਨ ਦੇਣ ਲਈ $306.16 ਮਿਲੀਅਨ ਵੱਖਰੇ ਰੱਖੇ ਹਨ।

- ਕੈਨੇਡਾ ਅਤੇ ਅਲਬਰਟਾ ਦੀਆਂ ਸਰਕਾਰਾਂ ਇਹ ਵੀ ਮੁਹੱਈਆ ਕਰ ਰਹੀਆਂ ਹਨ:
    - ਮੁਫ਼ਤ ਅਰਲੀ ਚਾਇਲਡਹੁੱਡ ਦਿਮਾਗ ਵਿਗਿਆਨ ਅਤੇ ਵਿਕਾਸ ਸਿਖਲਾਈ ਦੁਆਰਾ 3,350 ਤੋਂ ਵੱਧ ਅਰਲੀ ਚਾਇਲਡਹੁੱਡ ਐਜੂਕੇਟਰਾਂ ਦੀ ਮਦਦ ਕਰਨ ਲਈ $5.2 ਮਿਲੀਅਨ।
    - ਲਾਇਸੰਸਸ਼ੁਦਾ ਬਾਲ-ਸੰਭਾਲ ਕੇਂਦਰਾਂ ਵਿੱਚ ਕੰਮ ਕਰਨ ਵਾਲੇ ਚਾਇਲਡਹੁੱਡ ਐਜੂਕੇਟਰਾਂ ਵਾਸਤੇ ਇਨ-ਪਰਸਨ ਅਤੇ ਵਰਚੁਅਲ ਮਾਨਸਿਕ ਸਿਹਤ ਸਿਖਲਾਈ ਵਰਕਸ਼ਾਪਾਂ ਲਈ $1.5 ਮਿਲੀਅਨ।

## ਸੰਬੰਧਿਤ ਜਾਣਕਾਰੀ

- ਸੰਘੀ-ਸੂਬਾਈ ਬਾਲ ਦੇਖਭਾਲ ਸਮਝੌਤਾ